# ਪੰਜਾਬ ਸਰਕਾਰ
## ਸਕੂਲ ਸਿੱਖਿਆ ਵਿਭਾਗ
## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ.ਨਗਰ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ ਰਾਜ।

ਮੀਮੋ ਨੰ. 15/24-2020(0|੩੩੬|2021117098
ਮਿਤੀ: 01-04-2021

ਵਿਸ਼ਾ:- ਸਕੂਲ ਸਿੱਖਿਆ ਵਿਭਾਗ ਦੇ ਸਰਕਾਰੀ ਮਿਡਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਨ ਅਤੇ ਗੈਰ-ਅਧਿਆਪਨ ਅਮਲੇ ਦੀਆਂ ਸਲਾਨਾ ਕਾਰਗੁਜਾਰੀ ਅਪ੍ਰੇਜਲ ਰਿਪੋਰਟਾਂ ( ਏ.ਪੀ.ਏ.ਆਰ.) ਸਮੇ ਸਿਰ ਰਿਕਾਰਡ ਕਰਨ ਉਪਰੰਤ ਪੋਰਟਲ ਤੇ ਅੱਪਲੋਡ ਕਰਨ ਬਾਰੇ।

1.0 ਇਸ ਸਮੇਂ ਸਰਕਾਰ ਦੀਆਂ ਲਾਗੂ ਹਦਾਇਤਾਂ ਅਨੁਸਾਰ ਕਿਸੇ ਅਧਿਕਾਰੀ/ਕਰਮਚਾਰੀ ਵਲੋਂ ਸੈਲਫ ਅਪ੍ਰੇਜਲ ਫਾਰਮ ਦੇਣ ਉਪਰੰਤ ਸਲਾਨਾ ਕਾਰਗੁਜਾਰੀ ਅਪ੍ਰੇਜਲ ਰਿਪੋਰਟ (ਏ.ਪੀ.ਏ.ਆਰ.) ਰਿਪੋਰਟ ਕਰਤਾ ਅਤੇ ਰਿਵਿਊ ਕਰਤਾ ਅਧਿਕਾਰੀ ਵਲੋਂ ਰਿਕਾਰਡ ਕੀਤੀ ਜਾਣੀ ਜਰੂਰੀ ਹੈ ਭਾਵ ਅਜਿਹੀਆਂ ਸਾਲਾਨਾ ਕਾਰਗੁਜਾਰੀ ਰਿਪੋਰਟਾਂ ਘੱਟੋ-ਘੱਟ ਦੋ ਅਥਾਰਟੀਆਂ ਵਲੋਂ ਰਿਕਾਰਡ ਕੀਤੀ ਜਾਣੀ ਜ਼ਰੂਰੀ ਹੈ।

2.0 ਵਿਭਾਗ ਨੂੰ ਬਹੁਤ ਸਾਰੀਆਂ ਸਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਸਬੰਧਤ ਅਧਿਆਪਕਾਂ ਅਤੇ ਕਰਮਚਾਰੀਆਂ ਵੱਲੋਂ ਆਪਣੀਆਂ ਸੈਲਫ ਅਪ੍ਰੇਜਲ ਫਾਰਮ ਦੇਣ ਉਪਰੰਤ ਵੀ ਉਨ੍ਹਾਂ ਦੀਆਂ ਸਲਾਨਾ ਕਾਰਗੁਜਾਰੀ ਅਪ੍ਰੇਜਲ ਰਿਪੋਰਟ (ਏ.ਪੀ.ਏ.ਆਰ.) ਰਿਪੋਰਟ ਕਰਤਾ ਅਤੇ ਰਿਵਿਊ ਕਰਤਾ ਅਧਿਕਾਰੀ ਵਲੋਂ ਰਿਕਾਰਡ ਕਰਨ ਉਪਰੰਤ ਪੋਰਟਲ ਤੇ ਅੱਪਲੋਡ ਕਿਸੇ ਇੱਕ ਜਾਂ ਦੂਜੇ ਕਾਰਣ ਕਰਕੇ ਜਾਂ ਕਿਸੇ ਵਿਸੇਸ ਅਧਿਆਪਕ/ਕਰਮਚਾਰੀ ਨੂੰ ਤੰਗ ਕਰਨ ਦੇ ਮੰਤਵ ਲਈ ਅੱਪਲੋਡ ਨਹੀਂ ਕੀਤੀਆਂ ਜਾ ਰਹੀਆਂ। ਅਜਿਹੇ ਸਬੰਧਤ ਕਰਮਚਾਰੀਆਂ ਦੀ ਤਰੱਕੀ ਲਈ ਵਾਰੀ ਆਉਣ ਤੇ ਜਾਂ ਕਿਸੇ ਹੋਰ ਸੇਵਾ ਲਾਭ ਵਿਚਾਰਣ ਸਮੇਂ ਵਿਭਾਗ ਨੂੰ ਅਜਿਹੀਆਂ ਰਿਪੋਰਟਾਂ ਦੀ ਉਪਲੱਭਧਤਾ ਨਾ ਹੋਣ ਕਾਰਣ ਕਾਫੀ ਪ੍ਰਬੰਧਕੀ ਔਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਸਬੰਧਤ ਕਰਮਚਾਰੀਆਂ ਦੇ ਸੇਵਾਵਾਂ ਨਾਲ ਸਬੰਧਤ ਮਾਮਲਿਆਂ ਦਾ ਸਮੇਂ-ਸਿਰ ਨਿਪਟਾਰਾ ਨਾਂ ਹੋਣ ਕਾਰਣ ਉਨ੍ਹਾਂ ਵਿੱਚ ਅਸੰਤੋਸ ਦੀ ਭਾਵਨਾ ਵੀ ਬਣੀ ਰਹਿੰਦੀ ਹੈ ਜਿਸ ਦਾ ਉਨ੍ਹਾਂ ਦੀ ਸਮੁੱਚੀ ਕਾਰਗੁਜਾਰੀ ਤੇ ਪ੍ਰਤੀਕੂਲ ਅਸਰ ਪੈਣ ਦੀ ਸੰਭਾਵਨਾ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ।

3.0 ਜਿਵੇਂ ਕਿ ਇਹ ਆਪਜੀ ਦੇ ਧਿਆਨ ਵਿੱਚ ਹੀ ਹੈ ਕਿ ਸਰਕਾਰੀ ਸਕੂਲਾਂ ਦੀ ਕਾਰਗੁਜਾਰੀ ਬਿਹਤਰ ਬਣਾਉਣ ਲਈ ਅਤੇ ਸੁਚੱਜੇ ਤਾਲਮੇਲ ਲਈ ਵਿਭਾਗ ਵਲੋਂ ਬਲਾਕ ਨੋਡਲ ਅਫਸਰ ਤਾਇਨਾਤ ਕੀਤੇ ਗਏ ਹਨ।

(2)

4.0 ਉਕਤ ਕਾਰਣਾਂ ਕਰਕੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਨ ਅਤੇ ਗੈਰ-ਅਧਿਆਪਨ ਅਮਲੇ ਦੀਆਂ ਸਲਾਨਾ ਕਾਰਗੁਜਾਰੀ ਅਪ੍ਰੇਜਲ ਰਿਪੋਰਟਾਂ ਨੂੰ ਪ੍ਰਤੀ-ਹਸਤਾਖਰ/ਪ੍ਰਵਾਨ ਕਰਨ ਦੀ ਵਿੱਧੀ ਨੂੰ ਹੋਰ ਸਰਲ ਅਤੇ ਸੁਖਾਲਾ ਬਣਾਉਣ ਦੇ ਮੰਤਵ ਲਈ ਵਿਭਾਗ ਵਲੋਂ ਹੇਠ ਲਿੱਖੇ ਅਨੁਸਾਰ ਫੈਸਲੇ ਲਏ ਗਏ ਹਨ :-

(ੳ) ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਨ/ਗੈਰ-ਅਧਿਆਪਨ ਅਮਲੇ ਦੀਆਂ ਰਿਪੋਰਟਾਂ ਲਿਖਣ ਦੇ ਮੰਤਵ ਲਈ ਸਬੰਧਤ ਸਕੂਲ ਮੁੱਖੀ ਜਾਂ ਪ੍ਰਿੰਸੀਪਲ, ਜੋ ਵੀ ਕੇਸ ਹੋਵੇ, ਰਿਪੋਰਟਕਰਤਾ ਅਧਿਕਾਰੀ ਹੋਣਗੇ ਅਤੇ ਸਬੰਧਤ ਬਲਾਕ ਨੋਡਲ ਅਫਸਰ ਅਜਿਹੀਆਂ ਰਿਪੋਰਟਾਂ ਸਬੰਧੀ ਨੂੰ ਰਿਵਿਊ/ਪ੍ਰਵਾਨ ਕਰਨ ਲਈ ਰਿਵਿਊ ਕਰਤਾ/ਪ੍ਰਵਾਨਕਰਤਾ ਅਧਿਕਾਰੀ ਹੋਣਗੇ। ਅਜਿਹੀਆ ਰਿਪੋਰਟਾਂ ਸਬੰਧਤ ਸਕੂਲ ਮੁੱਖੀ ਦੇ ਰਿਕਾਰਡ/ਚਾਰਜ ਵਿੱਚ ਰਹਿਣਗੀਆਂ।

(ਅ) ਜੇਕਰ ਰਿਪੋਰਟ ਕਰਤਾ ਜਾਂ ਬਲਾਕ ਨੋਡਲ ਅਧਿਕਾਰੀ ਵੱਲੋਂ ਕਿਸੇ ਕਰਮਚਾਰੀ ਵਿਰੁੱਧ ਕੋਈ ਭੈੜੇ ਕਥਨ (Adverse Remarks) ਦਰਜ ਕੀਤੇ ਜਾਂਦੇ ਹਨ ਤਾਂ ਅਜਿਹੀਆਂ ਰਿਪੋਰਟਾਂ ਅੰਤਮ ਤੌਰ ਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਪ੍ਰਵਾਨ ਕੀਤੀਆਂ ਜਾਣਗੀਆਂ ਅਤੇ ਰਿਪੋਰਟ ਵਿੱਚ ਅੰਕਤ ਭੈੜੇ ਕਥਨਾਂ ਨੂੰ ਵੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੇ ਪੱਧਰ ਤੇ ਸਬੰਧਤ ਨੂੰ ਕੰਨਵੇਅ ਕੀਤਾ ਜਾਵੇਗਾ।

(ੲ) ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਇਹ ਅਧਿਕਾਰ ਹੋਵੇਗਾ ਕਿ ਜੇਕਰ ਉਨ੍ਹਾਂ ਦੇ ਦਫਤਰ ਵਿਖੇ ਕਿਸੇ ਅਧਿਆਪਨ/ਗੈਰ-ਅਧਿਆਪਨ ਅਮਲੇ ਵਿਰੁੱਧ ਕੋਈ ਸ਼ਿਕਾਇਤ, ਪੜਤਾਲ ਜਾਂ ਅਨੁਸਾਸਨੀ ਕਾਰਵਾਈ ਦਾ ਕੋਈ ਕੇਸ ਲੰਬਿਤ ਹੋਵੇ ਤਾਂ ਉਹ ਉਸ ਕਰਮਚਾਰੀ ਦੀ ਰਿਪੋਰਟ ਪ੍ਰਤੀ-ਹਸਤਾਖਰ/ਪ੍ਰਵਾਨ ਕਰਨ ਲਈ ਸਿੱਧੇ ਤੌਰ ਤੇ ਆਪਣੇ ਪਾਸ ਵੀ ਮੰਗਵਾ ਸਕਣਗੇ।

ਸਕੱਤਰ ਸਕੂਲ ਸਿੱਖਿਆ